# ਰਾਸ਼ਟਰਪਤੀ ਦਾ ਮਾਰੀਸ਼ਸ ਗਣਰਾਜ ਨੂੰ ਰਾਜ ਦੌਰਾ (11-13 ਮਾਰਚ, 2024)

ਮਾਰਚ 08, 2024

ਭਾਰਤ ਦੀ ਰਾਸ਼ਟਰਪਤੀ, ਸ਼੍ਰੀਮਤੀ ਦ੍ਰੋਪਦੀ ਮੁਰਮੂ, ਦਾ ਮਾਰੀਸ਼ਸ ਸਰਕਾਰ ਦੇ ਸੱਦੇ 'ਤੇ ਮੁੱਖ ਮਹਿਮਾਨ ਦੇ ਤੌਰ 'ਤੇ 12 ਮਾਰਚ ਨੂੰ ਮਾਰੀਸ਼ਸ ਦੇ ਰਾਸ਼ਟਰੀ ਦਿਵਸ ਸਮਾਰੋਹ ਵਿੱਚ ਸ਼ਾਮਲ ਹੋਣ ਵਾਸਤੇ, 11 ਤੋਂ 13 ਮਾਰਚ, 2024 ਤੱਕ ਮਾਰੀਸ਼ਸ ਗਣਰਾਜ ਦੇ ਦੌਰੇ ਤੇ ਜਾਣਾ ਤੈਅ ਹੈ। ਭਾਰਤੀ ਜਲ ਸੈਨਾ ਦੀ ਇੱਕ ਟੁਕੜੀ, ਭਾਰਤੀ ਜਲ ਸੈਨਾ ਦੇ ਪਹਿਲੇ ਸਿਖਲਾਈ ਸਕੁਐਡਰਨ - ਆਈ.ਐਨ.ਐਸ. ਤੀਰ ਅਤੇ ਸੀ.ਜੀ.ਐਸ. ਸਾਰਥੀ ਦੇ ਦੋ ਜਹਾਜ਼ਾਂ ਦੇ ਨਾਲ ਹੋਣ ਵਾਲੇ ਇਸ ਜਸ਼ਨ ਵਿੱਚ ਹਿੱਸਾ ਲਵੇਗੀ।

ਰਾਸ਼ਟਰਪਤੀ ਮੁਰਮੂ ਨੇ ਮਾਰੀਸ਼ਸ ਗਣਰਾਜ ਦੇ ਰਾਸ਼ਟਰਪਤੀ ਮਹਾਮਹਿਮ ਸ੍ਰੀ ਪ੍ਰਿਥਵੀਰਾਜ ਸਿੰਘ ਰੂਪਨ ਅਤੇ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਪ੍ਰਵਿੰਦ ਕੁਮਾਰ ਜੁਗਨਾਥ ਨਾਲ ਦੁਵੱਲੀ ਚਰਚਾ ਕਰਨੀ ਹੈ। ਨਾਲ ਹੀ, ਰਾਸ਼ਟਰਪਤੀ ਮੁਰਮੂ ਦਾ ਮਾਰੀਸ਼ਸ ਨੈਸ਼ਨਲ ਅਸੈਂਬਲੀ ਦੇ ਸਪੀਕਰ, ਮੌਰੀਸ਼ੀਅਨ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਅਤੇ ਮਹੱਤਵਪੂਰਨ ਮੌਰੀਸ਼ੀਅਨ ਨੇਤਾਵਾਂ ਨਾਲ ਮੁਲਾਕਾਤ ਕਰਨਾ ਤੈਅ ਹੈ।

ਦੌਰੇ ਦੌਰਾਨ, ਰਾਸ਼ਟਰਪਤੀ ਮੁਰਮੂ ਅਤੇ ਪ੍ਰਧਾਨ ਮੰਤਰੀ ਜੁਗਨਾਥ ਸਾਂਝੇ ਤੌਰ 'ਤੇ ਭਾਰਤ ਦੁਆਰਾ ਸਮਰਥਿਤ 14 ਪ੍ਰੋਜੈਕਟਾਂ ਦਾ ਉਦਘਾਟਨ ਕਰਨਗੇ, ਜੋ ਕਿ ਮਾਰੀਸ਼ਸ ਦੇ ਨਾਲ ਭਾਰਤ ਦੀ ਜੀਵੰਤ ਵਿਕਾਸ ਭਾਈਵਾਲੀ ਦੇ ਵਧ ਰਹੇ ਵਿਸਤਾਰ ਅਤੇ ਬਹੁਪੱਖੀ ਪ੍ਰਕਿਰਤੀ ਨੂੰ ਦਰਸਾਉਂਦੇ ਹਨ ਜੋ ਦੁਵੱਲੇ ਸਬੰਧਾਂ ਦਾ ਇੱਕ ਮੁੱਖ ਥੰਮ ਹੈ। ਰਾਸ਼ਟਰਪਤੀ ਮੁਰਮੂ ਮਹੱਤਵਪੂਰਨ ਦੁਵੱਲੇ ਸਮਝੌਤਿਆਂ ਦੇ ਆਦਾਨ-ਪ੍ਰਦਾਨ ਦੀ ਵੀ ਗਵਾਹ ਬਣਨਗੀ। ਇਹ ਸਮਝੌਤੇ ਦੋਵੇਂ ਮੁਲਕਾਂ ਦਰਮਿਆਨ ਮਜ਼ਬੂਤ ਦੁਵੱਲੇ ਸੰਸਥਾਗਤ ਸਹਿਯੋਗ ਅਤੇ ਸਮਰੱਥਾ-ਨਿਰਮਾਣ ਸਹਿਯੋਗ ਨੂੰ ਹੋਰ ਮਜ਼ਬੂਤ ਕਰਨਗੇ।

ਰਾਸ਼ਟਰਪਤੀ ਮੁਰਮੂ ਦੁਆਰਾ ਪੈਮਪਲੇਮੌਸਸ ਬੋਟੈਨੀਕਲ ਗਾਰਡਨ ਵਿਖੇ ਮੌਰੀਸ਼ੀਅਨ ਨੇਤਾਵਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ ਅਤੇ ਇਤਿਹਾਸਕ ਅਤੇ ਸੱਭਿਆਚਾਰਕ ਸਥਾਨਾਂ ਦਾ ਦੌਰਾ ਵੀ ਕੀਤਾ ਜਾਵੇਗਾ, ਜਿਸ ਵਿਚ ਅਪ੍ਰਵਾਸੀ ਘਾਟ ਜਿੱਥੇ ਭਾਰਤੀ ਬੰਧਕ ਮਜ਼ਦੂਰ ਪਹਿਲੀ ਵਾਰ ਮਾਰੀਸ਼ਸ ਪਹੁੰਚੇ ਸਨ, ਸਮੇਤ ਇੰਟਰਕੌਂਟੀਨੈਂਟਲ ਸਲੇਵਰੀ ਮਿਊਜ਼ੀਅਮ ਅਤੇ ਪਵਿੱਤਰ ਗੰਗਾ ਤਲਾਓ ਸ਼ਾਮਲ ਹਨ। ਇਸ ਤੋਂ ਇਲਾਵਾ, ਉਹ ਮਾਰੀਸ਼ਸ ਯੂਨੀਵਰਸਿਟੀ ਵਿੱਖੇ ਮੌਰੀਸ਼ੀਅਨ ਨੌਜਵਾਨਾਂ ਨੂੰ ਸੰਬੋਧਨ ਦੇਣਗੀ ਅਤੇ ਮਹਾਤਮਾ ਗਾਂਧੀ ਇੰਸਟੀਚਿਊਟ ਵਿਖੇ ਸਮਾਜਿਕ-ਸੱਭਿਆਚਾਰਕ ਸੰਸਥਾਵਾਂ, ਭਾਰਤੀ ਡਾਇਸਪੋਰਾ ਦੇ ਮੈਂਬਰਾਂ ਅਤੇ ਭਾਰਤੀ ਭਾਈਚਾਰੇ ਨੂੰ ਵੀ ਸੰਬੋਧਨ ਦੇਣਗੀ।

2000 ਤੋਂ ਮੌਰੀਸ਼ੀਅਨ ਰਾਸ਼ਟਰੀ ਦਿਵਸ 'ਤੇ ਮੁੱਖ ਮਹਿਮਾਨ ਵਜੋਂ, ਸ਼ਿਰਕਤ ਕਰਨ ਵਾਲੇ, ਛੇਵੇਂ ਭਾਰਤੀ ਰਾਸ਼ਟਰਪਤੀ ਦੇ ਰੂਪ ਵਿੱਚ, ਰਾਸ਼ਟਰਪਤੀ ਮੁਰਮੂ ਦਾ ਰਾਜ ਦੌਰਾ ਭਾਰਤ ਅਤੇ ਮਾਰੀਸ਼ਸ ਦਰਮਿਆਨ ਲੰਬੇ ਸਮੇਂ ਤੋਂ ਚੱਲ ਰਹੇ ਅਤੇ ਸਥਾਈ ਸਬੰਧਾਂ ਨੂੰ ਦਰਸਾਉਂਦਾ ਹੈ। ਇਹ ਸਾਰੇ ਖੇਤਰਾਂ ਵਿੱਚ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਅਤੇ ਲੋਕਾਂ-ਦਰ-ਲੋਕਾਂ ਦੇ ਨਜ਼ਦੀਕੀ ਸਬੰਧਾਂ ਨੂੰ ਹੋਰ ਬੇਹਤਰ ਕਰਨ ਲਈ ਦੋਵੇਂ ਮੁਲਕਾਂ ਦੀ ਨਿਰੰਤਰ ਵਚਨਬੱਧਤਾ ਦੀ ਪੁਸ਼ਟੀ ਕਰਦਾ ਹੈ।

ਨਵੀਂ ਦਿੱਲੀ

ਮਾਰਚ 08, 2024